# COVID-19

fraserhealth

## ਆਪਣੇ ਬਿਜ਼ਨਸ ਨੂੰ ਕੋਵਿਡ–19 ਤੋਂ ਸੁਰੱਖਿਅਤ ਕਰੋ

19 ਨਵੰਬਰ, 2020 ਨੂੰ ਸੂਬੇ ਦੀ ਹੈਲਥ ਅਫਸਰ (ਪੀ ਐੱਚ ਓ) ਨੇ ਸਾਰੇ ਕੰਮ-ਮਾਲਕਾਂ ਨੂੰ ਇਕ ਆਰਡਰ ਜਾਰੀ ਕੀਤਾ ਅਤੇ ਉਨ੍ਹਾਂ ਤੋਂ ਮੰਗ ਕੀਤੀ ਕਿ ਉਹ:

- ਆਪਣੀ ਕੋਵਿਡ–19 ਸੇਫਟੀ ਪਲੈਨ ’ਤੇ ਦੁਬਾਰਾ ਵਿਚਾਰ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਨਿਯਮ ਲਾਗੂ ਹਨ।
- ਇਹ ਪੱਕਾ ਕਰਨ ਕਿ ਜਿੱਥੇ ਵੀ ਸੰਭਵ ਹੋਵੇ ਘਰ ਤੋਂ ਕੰਮ ਕਰਨ ਦੀਆਂ ਚੋਣਾਂ ਦੀ ਵਰਤੋਂ ਕੀਤੀ ਗਈ ਹੈ।
- ਇਹ ਪੱਕਾ ਕਰਨ ਕਿ ਵਰਕਰ ਅਤੇ ਗਾਹਕ ਉਦੋਂ ਮਾਸਕ ਜ਼ਰੂਰ ਪਾਉਣ ਜਦੋਂ ਉਹ ਥਾਂ ਜਾਂ ਬੈਰੀਅਰਾਂ ਨਾਲ ਅਲੱਗ ਅਲੱਗ ਨਹੀਂ ਹੁੰਦੇ।
- ਇਹ ਪੱਕਾ ਕਰਨ ਕਿ ਜੇ ਵਰਕਰਾਂ ਅਤੇ ਹੋਰਨਾਂ ਵਿਚ ਕੋਵਿਡ–19 ਦੀਆਂ ਨਿਸ਼ਾਨੀਆਂ ਹੋਣ ਤਾਂ ਉਹ ਕੰਮ ਦੀ ਥਾਂ ਵਿਚ ਦਾਖਲ ਨਾ ਹੋਣ।

ਕੋਵਿਡ–19 ਦੌਰਾਨ ਬਿਜ਼ਨਸ ਨੂੰ ਚੰਗੀ ਹਾਲਤ ਵਿਚ ਰੱਖਣ ਦਾ ਮਤਲਬ, ਸੇਫਟੀ ਦੇ ਤਕੜੇ ਨਿਯਮ ਲਾਗੂ ਕਰਨਾ ਹੈ। ਇਸ ਦਾ ਮਤਲਬ ਆਪਣੇ ਮੁਲਾਜ਼ਮਾਂ ਅਤੇ ਆਪਣੇ ਆਪ ਦਾ ਖਿਆਲ ਰੱਖਣ ਲਈ ਉਹ ਹਰ ਚੀਜ਼ ਕਰਨਾ ਹੈ ਜਿਹੜੀ ਤੁਸੀਂ ਕਰ ਸਕਦੇ ਹੋ ਅਤੇ ਅਜਿਹਾ ਤੁਸੀਂ ਕਮਿਊਨਟੀ ਲੀਡਰ ਅਤੇ ਰੋਲ ਮਾਡਲ ਬਣਦੇ ਹੋਏ ਕਰਨਾ ਹੈ।

ਸਿਹਤਮੰਦ ਸਟਾਫ ਅਤੇ ਸਿਹਤਮੰਦ ਗਾਹਕਾਂ ਦਾ ਮਤਲਬ ਸਿਹਤਮੰਦ ਬਿਜ਼ਨਸ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਅਸੀਂ ਇਹ ਦੇਖਿਆ ਹੈ ਕਿ ਕੇਸਾਂ ਅਤੇ ਬੀਮਾਰੀ ਦੇ ਫੈਲਣ ਨੂੰ ਕੰਟਰੋਲ ਕਰਨ ਲਈ ਬਹੁਤ ਸਾਰੇ ਬਿਜ਼ਨਸਾਂ ਨੂੰ ਆਰਜ਼ੀ ਤੌਰ ’ਤੇ ਆਪਣੇ ਬੂਹੇ ਬੰਦ ਕਰਨੇ ਪਏ ਹਨ। ਅਸੀਂ ਜਿਵੇਂ ਕਿ ਸਾਹ ਦੀਆਂ ਬੀਮਾਰੀਆਂ ਅਤੇ ਫਲੂ ਦੇ ਮੌਸਮ ਵਿਚ ਦਾਖਲ ਹੋ ਰਹੇ ਹਾਂ, ਬਿਜ਼ਨਸਾਂ ਨੂੰ ਖਤਰਾ ਵਧ ਰਿਹਾ ਹੈ। ਪਰ ਅਜਿਹੇ ਕਦਮ ਹਨ ਜਿਹੜੇ ਤੁਸੀਂ ਹੁਣ ਆਪਣੇ ਬਿਜ਼ਨਸ ਦੀ ਰੱਖਿਆ ਕਰਨ ਲਈ ਚੁੱਕ ਸਕਦੇ ਹੋ ਤਾਂ ਜੋ ਕੋਵਿਡ–19 ਕਰਕੇ ਆਪਣੇ ਬੂਹੇ ਬੰਦ ਕਰਨ ਵਾਲੇ ਅਗਲੇ ਬਿਜ਼ਨਸ ਬਣਨ ਤੋਂ ਬਚਿਆ ਜਾ ਸਕੇ।

## ਮੁਲਾਜ਼ਮਾਂ (ਅਤੇ ਗਾਹਕਾਂ) ਲਈ ਮਾਸਕ ਪਾਉਣੇ ਜ਼ਰੂਰੀ ਹਨ

ਪਬਲਿਕ ਦੀਆਂ ਅੰਦਰਲੀਆਂ ਥਾਂਵਾਂ ਅਤੇ ਕੰਮਾਂ ਦੀਆਂ ਥਾਂਵਾਂ ਵਿਚ ਹੁਣ ਹਰ ਇਕ ਲਈ ਮਾਸਕ ਪਾਉਣਾ ਜ਼ਰੂਰੀ ਹੈ।

ਕੰਮ-ਮਾਲਕਾਂ, ਮੁਲਾਜ਼ਮਾਂ ਅਤੇ ਗਾਹਕਾਂ, ਸਾਰਿਆਂ ਤੋਂ ਮਾਸਕ ਦੇ ਹੁਕਮ ਦੀ ਪਾਲਣਾ ਕਰਨ ਦੀ ਉਮੀਦ ਰੱਖੀ ਜਾਂਦੀ ਹੈ।

ਕੰਮ ਕਰਨ ਦੀਆਂ ਸਾਂਝੀਆਂ ਥਾਂਵਾਂ ਅਤੇ ਸਾਰੇ ਕੰਮਾਂ ਦੀਆਂ ਉਨ੍ਹਾਂ ਥਾਂਵਾਂ ’ਤੇ ਮਾਸਕ ਪਾਉਣਾ ਜ਼ਰੂਰੀ ਹੈ ਜਿੱਥੇ ਸਰੀਰਕ ਫਾਸਲਾ ਨਹੀਂ ਰੱਖਿਆ ਜਾ ਸਕਦਾ। ਇਨ੍ਹਾਂ ਵਿਚ ਸ਼ਾਮਲ ਹਨ:

- ਐਲੀਵੇਟਰ
- ਕਿਚਨਾਂ
- ਕਸਟਮਰ ਕਾਊਂਟਰ
- ਬਰੇਕ ਰੂਮ
- ਹਾਲਵੇਅਜ਼
- ਉਹ ਮੀਟਿੰਗ ਰੂਮ ਜਿਨ੍ਹਾਂ ਵਿਚ ਚਾਰ ਨਾਲੋਂ ਜ਼ਿਆਦਾ ਵਿਅਕਤੀ ਹੋਣ

ਕਿਰਪਾ ਕਰਕੇ ਨੋਟ ਕਰੋ: ਮਾਸਕ ਹੋਰ ਉਪਾਵਾਂ ਦਾ ਬਦਲ ਨਹੀਂ ਹੈ ਜਿਵੇਂ ਕਿ ਬੀਮਾਰ ਹੋਣ ’ਤੇ ਘਰ ਰਹਿਣਾ ਅਤੇ ਹੱਥ ਧੋਣਾ।

## ਬੀਮਾਰ ਮੁਲਾਜ਼ਮਾਂ ਨੂੰ ਕੰਮ ’ਤੇ ਨਾ ਆਉਣ ਦਿਉ

ਮੁਲਾਜ਼ਮਾਂ ਦਾ ਇਕ ਦਿਨ ਕੰਮ ’ਤੇ ਨਾ ਆਉਣ ਦਾ ਵੀ ਤੁਹਾਡੇ ਬਿਜ਼ਨਸ ’ਤੇ ਵੱਡਾ ਅਸਰ ਪੈ ਸਕਦਾ ਹੈ। ਪਰ, ਬੀਮਾਰ ਹੋਣ ’ਤੇ ਇਕ ਮੁਲਾਜ਼ਮ ਦਾ ਘਰ ਰਹਿਣ ਦਾ ਖਰਚਾ, ਸਾਰੇ ਵਰਕਰਾਂ ਦਾ ਕੋਵਿਡ-19 ਨਾਲ ਬੀਮਾਰ ਹੋਣ, ਜਾਂ ਇਕਾਂਤਵਾਸ ਵਿਚ ਰਹਿਣ ਅਤੇ ਨਤੀਜੇ ਵਜੋਂ ਤੁਹਾਡੇ ਬਿਜ਼ਨਸ ਦੇ ਆਰਜ਼ੀ ਤੌਰ ’ਤੇ ਬੰਦ ਹੋਣ ਨਾਲੋਂ ਕਿਤੇ ਘੱਟ ਹੈ।

ਬੀਮਾਰ ਹੋਣ ਵਾਲੇ ਕਿਸੇ ਵੀ ਮੁਲਾਜ਼ਮ ਤੋਂ ਘਰ ਰਹਿਣ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਤੁਸੀਂ ਇਹ ਕਰਕੇ ਉਨ੍ਹਾਂ ਦੀ ਮਦਦ ਕਰ ਸਕਦੇ ਹੋ:

- ਸਿਕ ਡੇਅਜ਼ ਦੇ ਕੇ
- ਡਾਕਟਰ ਦੇ ਨੋਟ ਦੀ ਮੰਗ ਨਾ ਕਰਕੇ
- ਬੀਮਾਰੀਆਂ ਲਈ ਰੋਜ਼ਾਨਾ ਜਾਂਚ ਕਰਨ ਜਾਂ ਆਪ ਜਾਂਚ ਕਰਨ ਦੀ ਨੀਤੀ ਲਾਗੂ ਕਰਕੇ
- ਰਿਕਾਰਡ ਰੱਖ ਕੇ ਤਾਂ ਜੋ ਇਹ ਪੱਕਾ ਹੋਵੇ ਕਿ ਇਹ ਲਗਾਤਾਰ ਕੀਤੀ ਜਾ ਰਹੀ ਹੈ

ਨਿਸ਼ਾਨੀਆਂ ਦੀ ਜਾਂਚ ਰੋਜ਼ਾਨਾ ਹਰ ਸ਼ਿਫਟ ਤੋਂ ਪਹਿਲਾਂ ਕੀਤੀ ਜਾਣੀ ਚਾਹੀਦੀ ਹੈ। ਜੇ ਮੁਲਾਜ਼ਮਾਂ ਵਿਚ ਆਪਣੀ ਸ਼ਿਫਟ ਦੇ ਵਿਚਕਾਰ ਨਿਸ਼ਾਨੀਆਂ ਆ ਜਾਣ ਤਾਂ ਉਨ੍ਹਾਂ ਦੀ ਕੰਮ ਤੋਂ ਫੌਰਨ ਜਾਣ ਵਿਚ ਮਦਦ ਕੀਤੀ ਜਾਣੀ ਚਾਹੀਦੀ ਹੈ।

## ਸਾਂਝੇ ਏਰੀਏ ਅਤੇ ਸਰੀਰਕ ਫਾਸਲਾ

ਸਰੀਰਕ ਫਾਸਲਾ ਸਿਰਫ ਮੁਲਾਜ਼ਮ ਦੇ ਕੰਮ ਦੇ ਆਮ ਸਟੇਸ਼ਨ ਉੱਪਰ ਹੀ ਨਹੀਂ ਲਾਗੂ ਹੁੰਦਾ। ਇਹ ਪੱਕਾ ਕਰੋ ਕਿ ਹਰ ਉਸ ਥਾਂ ’ਤੇ ਸਰੀਰਕ ਫਾਸਲਾ ਰੱਖਿਆ ਜਾ ਰਿਹਾ ਹੈ ਜਿੱਥੇ ਮੁਲਾਜ਼ਮ ਆਪਣੇ ਦਿਨ ਦੌਰਾਨ, ਅਤੇ ਆਪਣੇ ਵਲੋਂ ਕੀਤੇ ਜਾ ਰਹੇ ਹਰ ਕੰਮ ਦੌਰਾਨ ਜਾਂਦਾ ਹੈ।

ਸਰੀਰਕ ਫਾਸਲਾ ਸਾਰੀਆਂ ਸਾਂਝੀਆਂ ਥਾਂਵਾਂ ’ਤੇ ਵੀ ਲਾਗੂ ਹੋਣਾ ਜ਼ਰੂਰੀ ਹੈ, ਜਿਵੇਂ ਕਿ ਲੰਚ ਰੂਮ, ਬਰੇਕ ਰੂਮ, ਬਾਥਰੂਮ, ਪੰਚ ਸਟੇਸ਼ਨ, ਸਾਜ਼-ਸਾਮਾਨ ਵਾਲੇ ਕਮਰੇ, ਲੌਕਰ ਰੂਮ ਅਤੇ ਕੋਈ ਵੀ ਹੋਰ ਸਾਂਝੇ ਏਰੀਏ ਜਿੱਥੇ ਮੁਲਾਜ਼ਮ ਆਮ ਤੌਰ ’ਤੇ ਇਕੱਠੇ ਹੁੰਦੇ ਹਨ। ਇਹ ਉਹ ਥਾਂਵਾਂ ਹਨ ਜਿੱਥੇ ਅਸੀਂ ਹੁਣ ਕੋਵਿਡ-19 ਦਾ ਫੈਲਣਾ ਦੇਖ ਰਹੇ ਹਾਂ। ਤੁਸੀਂ ਇਹ ਕਰਕੇ ਖਤਰਾ ਘਟਾਉਣ ਵਿਚ ਮਦਦ ਕਰ ਸਕਦੇ ਹੋ:

- ਸਾਰੀਆਂ ਸਾਂਝੀਆਂ ਥਾਂਵਾਂ ਦੀ ਸਮਰੱਥਾ ਨੂੰ ਵੱਧ ਤੋਂ ਵੱਧ ਕਰਕੇ ਤਾਂ ਜੋ ਇਹ ਪੱਕਾ ਹੋਵੇ ਕਿ ਸਰੀਰਕ ਫਾਸਲੇ ਲਈ ਕਾਫੀ ਥਾਂ ਹੈ।
- ਮੁਲਾਜ਼ਮਾਂ ਦੀਆਂ ਵੱਖੋ ਵੱਖਰੀਆਂ ਟੀਮਾਂ ਵਲੋਂ ਸਾਂਝੀਆਂ ਥਾਂਵਾਂ ਦੀ ਇੱਕੋ ਸਮੇਂ ਵਰਤੋਂ ਨੂੰ ਸੀਮਤ ਕਰਕੇ।
- ਜੇ ਹਰ ਸਮੇਂ ਸਰੀਰਕ ਫਾਸਲੇ ਨੂੰ ਕਾਇਮ ਨਾ ਰੱਖਿਆ ਜਾ ਸਕਦਾ ਹੋਵੇ ਤਾਂ ਪਲੈਕਸੀਗਲਾਸ ਬੈਰੀਅਰ ਲਗਾ ਕੇ ਅਤੇ ਨਿੱਜੀ ਹਿਫਾਜ਼ਤ ਦਾ ਸਾਜ-ਸਾਮਾਨ ਪ੍ਰਦਾਨ ਕਰਕੇ।
- ਜੇ ਲਾਗੂ ਹੁੰਦਾ ਹੋਵੇ ਤਾਂ ਮੁਲਾਜ਼ਮਾਂ ਨੂੰ ਕੰਮ ਦੀਆਂ ਆਪਣੀਆਂ ਖੁਦ ਦੀਆਂ ਗੱਡੀਆਂ ਪ੍ਰਦਾਨ ਕਰਕੇ।
- ਇਹ ਪੱਕਾ ਕਰਕੇ ਕਿ ਹੱਥ ਧੋਣ ਲਈ ਸਟੇਸ਼ਨ ਅਤੇ ਕਲੀਨਿੰਗ ਦੀ ਸਪਲਾਈ ਸੌਖ ਨਾਲ ਉਪਲਬਧ ਹੈ।

## ਇਕੱਠ

ਕੋਈ ਵੀ ਸਮਾਜਿਕ ਇਕੱਠ, ਪਾਰਟੀਆਂ ਜਾਂ ਸਟਾਫ ਲੰਚ ਨਹੀਂ ਹੋਣੇ ਚਾਹੀਦੇ। ਬਿਜ਼ਨਸ ਦੇ ਮਾਲਕ ਵਜੋਂ, ਤੁਸੀਂ ਆਪਣੀ ਨਿੱਜੀ ਜ਼ਿੰਦਗੀ ਵਿਚ ਹੁਕਮਾਂ ਦੀ ਪਾਲਣਾ ਕਰਕੇ ਅਤੇ ਆਪਣੇ ਮੁਲਾਜ਼ਮਾਂ ਨੂੰ ਅਜਿਹਾ ਕਰਨ ਲਈ ਉਤਸ਼ਾਹ ਦੇ ਕੇ ਤੁਸੀਂ ਆਪਣੇ ਮੁਲਾਜ਼ਮਾਂ ਅਤੇ ਕਮਿਉਨਟੀ ਲਈ ਰੋਲ ਮਾਡਲ ਵੀ ਬਣ ਸਕਦੇ ਹੋ।

## ਚੰਗੇ ਰਿਕਾਰਡ ਰੱਖੋ

ਇਸ ਚੀਜ਼ ਦਾ ਵਿਸਥਾਰ ਵਿਚ ਰੋਜ਼ਾਨਾ ਰਿਕਾਰਡ ਰੱਖਣਾ ਕਿ ਹਰ ਰੋਜ਼ ਸਟਾਫ ਨੇ ਕਿੱਥੇ ਕੰਮ ਕੀਤਾ ਹੈ ਅਤੇ ਮੁਲਾਜ਼ਮਾਂ ਦੀ ਤਾਜ਼ਾ ਲਿਸਟ ਰੱਖਣਾ ਜਿਸ ਵਿਚ ਸੰਪਰਕ ਕਰਨ ਦੀ ਜਾਣਕਾਰੀ ਅਤੇ ਪਛਾਣ ਕਰਨ ਦੀ ਜਾਣਕਾਰੀ (ਜਿਵੇਂ ਕਿ ਜਨਮ ਦੀ ਤਾਰੀਕ) ਹੋਵੇ, ਕੌਨਟੈਕਟ ਟਰੇਸਿੰਗ ਕਰਨ ਵਿਚ ਪਬਲਿਕ ਹੈਲਥ ਦੀ

ਮਦਦ ਕਰੇਗਾ ਜੇ ਤੁਹਾਡੇ ਕੰਮ ਵਾਲੀ ਥਾਂ ’ਤੇ ਕੋਈ ਕੇਸ ਹੋ ਜਾਂਦਾ ਹੈ। ਇਹ ਕੇਸ ਹੋ ਜਾਣ ’ਤੇ ਇਕਾਂਤਵਾਸ ਹੋਣ ਦੀ ਲੋੜ ਵਾਲੇ ਸਟਾਫ ਦੀ ਗਿਣਤੀ ਨੂੰ ਸੀਮਤ ਕਰ ਸਕਦਾ ਹੈ।

### ਕੰਮ ਦੀਆਂ ਵੱਡੀਆਂ ਥਾਂਵਾਂ ’ਤੇ, ਸਟਾਫ ਨੂੰ ਟੋਲੀਆਂ ਵਿਚ ਵੰਡੋ

ਕੰਮ ਦੀਆਂ ਵੱਡੀਆਂ ਥਾਂਵਾਂ ਵਿਚ, ਕੰਮ ਦੇ ਵੱਖ ਵੱਖ ਹਿੱਸਿਆਂ ਵਿਚਕਾਰ ਜਾਂ ਵੱਖ ਵੱਖ ਟੀਮਾਂ ਵਿਚਕਾਰ ਸਟਾਫ ਨੂੰ ਭੇਜਣ/ਮੂਵ ਕਰਨ ਨੂੰ ਘੱਟ ਤੋਂ ਘੱਟ ਕਰੋ ਅਤੇ ਕੰਮ ਦੀ ਥਾਂ ਦੇ ਵੱਖ ਵੱਖ ਹਿੱਸਿਆਂ ਦੇ ਸਟਾਫ ਨੂੰ ਇਕੱਠੇ ਬਰੇਕਾਂ ਦੇਣ ਤੋਂ ਪਰਹੇਜ਼ ਕਰੋ। ਜੇ ਕੋਈ ਕੇਸ ਹੁੰਦਾ ਹੈ ਤਾਂ ਇਹ ਸੰਪਰਕ ਵਿਚ ਆਉਣ ਵਾਲੇ ਮੁਲਾਜ਼ਮਾਂ ਦੀ ਗਿਣਤੀ ਘਟਾਉਂਦਾ ਹੈ।

### ਟ੍ਰਾਂਸਪੋਰਟੇਸ਼ਨ ਬਾਰੇ ਸੋਚੋ

ਜੇ ਤੁਸੀਂ ਇਹ ਜਾਣਦੇ ਹੋ ਕਿ ਤੁਹਾਡੇ ਮੁਲਾਜ਼ਮ ਕਾਰ ਵਿਚ ਇਕੱਠੇ ਆਉਂਦੇ ਹਨ ਜਾਂ ਕੰਮ-ਮਾਲਕ ਵਲੋਂ ਦਿੱਤੀ ਗਈ ਗੱਡੀ ਵਿਚ ਕੰਮ ’ਤੇ ਆਉਂਦੇ ਹਨ ਤਾਂ ਸਟਾਫ ਦੀਆਂ ਡਿਊਟੀਆਂ ਦੀ ਪਲੈਨ ਬਣਾਉਣ ਵੇਲੇ ਇਸ ਨੂੰ ਧਿਆਨ ਵਿਚ ਰੱਖੋ। ਕੰਮ-ਮਾਲਕ ਵਲੋਂ ਦਿੱਤੀ ਜਾਂਦੀ ਟ੍ਰਾਂਸਪੋਰਟੇਸ਼ਨ ਲਈ, ਮੁਲਾਜ਼ਮਾਂ ਦੇ ਗੱਡੀ ਵਿਚ ਬਹਿਣ ਤੋਂ ਪਹਿਲਾਂ ਨਿਸ਼ਾਨੀਆਂ ਚੈੱਕ ਕਰੋ ਅਤੇ ਇਹ ਪੱਕਾ ਕਰੋ ਕਿ ਹਰ ਕੋਈ ਮਾਸਕ ਪਾਉਂਦਾ ਹੈ ਅਤੇ ਉਹ ਗੱਡੀ ਵਿਚ ਹੋਣ ਦੌਰਾਨ ਸਰੀਰਕ ਫਾਸਲਾ ਰੱਖ ਸਕਦੇ ਹਨ।

ਉਪਰਲਿਆਂ ਤੋਂ ਇਲਾਵਾ, ਇਹ ਪੱਕਾ ਕਰੋ ਕਿ ਸੇਫਟੀ ਬਾਰੇ ਹਿਦਾਇਤਾਂ ਅਤੇ ਸਾਈਨ ਕੰਮ ਵਾਲੀ ਥਾਂ ’ਤੇ ਬੋਲੀਆਂ ਜਾਂਦੀਆਂ ਮੁੱਖ ਭਾਸ਼ਾਵਾਂ ਵਿਚ ਹਨ।

### ਕੋਵਿਡ-19 ਬਾਰੇ ਚੰਗੀ ਸੂਝ ਬਿਜ਼ਨਸ ਲਈ ਚੰਗੀ ਸੂਝ ਬਣਾਉਂਦੀ ਹੈ

ਸਾਡੇ ਸਾਰਿਆਂ ਲਈ ਇਹ ਸਮਾਂ ਹੁਣ ਕੋਵਿਡ-19 ਦੇ ਫੈਲਣ ਨੂੰ ਹੌਲੀ ਕਰਨ ਲਈ ਰਲ ਕੇ ਕੰਮ ਕਰਨ ਦਾ ਹੈ। ਆਪਣੇ ਆਪ ਨੂੰ, ਆਪਣੇ ਮੁਲਾਜ਼ਮਾਂ ਨੂੰ, ਆਪਣੇ ਬਿਜ਼ਨਸ ਅਤੇ ਕਮਿਊਨਟੀ ਨੂੰ ਸਿਹਤਮੰਦ ਰੱਖਣ ਲਈ ਉਹ ਹਰ ਚੀਜ਼ ਕਰਨ ਲਈ ਤੁਹਾਡਾ ਧੰਨਵਾਦ ਜਿਹੜੀ ਤੁਸੀਂ ਕਰ ਸਕਦੇ ਹੋ।

### ਕੰਮ-ਮਾਲਕਾਂ ਲਈ ਵਸੀਲੇ:

- BCCDC – Information for employers
- WorkSafeBC - Information for employers
- Fraser Health - Information and resources to COVID-19 proof your business

### ਤੁਹਾਡੇ ਬਿਜ਼ਨਸ ਲਈ ਪੋਸਟਰ ਅਤੇ ਸਾਈਨ:

- Notice – Do not enter if feeling unwell
- General area – stay safe from COVID-19
- General area physical distance
- Wear a mask
- Bathroom etiquette
- Meeting room etiquette
- Kitchen/break room etiquette
- Workspace etiquette – keep your space clean
- Keep your hands clean – sanitize
- Visitors must be pre-screened
- Floor decal – stand here

### ਮੁਲਾਜ਼ਮਾਂ ਲਈ ਵਸੀਲੇ

- Work Safe BC - Health and Safety Prevention Info line
- Work Safe BC - Refusing unsafe work